### ਅਰਥ ਅਤੇ ਅੰਕੜਾ ਸੰਗਠਨ,ਪੰਜਾਬ।

ਵਿਸ਼ਾ:- ਪੰਜਾਬ ਸਰਕਾਰ ਕਰਮਚਾਰੀਆਂ (ਆਚਰਣ) ਨਿਯਮਾਵਲੀ 1966 ਦੇ ਨਿਯਮ 18 ਅਧੀਨ ਸਾਲ 2016-17 ਦੀ ਅੱਚਲ ਸੰਪਤੀ ਦੀ ਰਿਟਰਨ ਭੇਜਣ ਬਾਰੇ।

ਇਸ ਵਿਭਾਗ ਦੇ ਸਮੂਹ ਗਰੁੱਪ 'ਏ' ਅਤੇ ਗਰੁੱਪ 'ਬੀ' ਅਧਿਕਾਰੀ/ਕਰਮਚਾਰੀ ਕ੍ਰਿਪਾ ਕਰਕੇ ਵਿਸ਼ਾ ਅੰਕਿਤ ਮਾਮਲੇ ਸਬੰਧੀ ਧਿਆਨ ਦੇਣ ਦੀ ਖੇਚਲ ਕਰਨ।

ਪੰਜਾਬ ਸਰਕਾਰ ਕਰਮਚਾਰੀ (ਆਚਰਣ) ਨਿਯਮਾਵਲੀ 1966 ਦੇ ਨਿਯਮ 18 ਅਧੀਨ 'ਗਰੁੱਪ ਏ ' ਅਤੇ 'ਬੀ' ਅਧਿਕਾਰੀਆਂ/ਕਰਮਚਾਰੀਆਂ ਵੱਲੋਂ ਅੱਚਲ ਸੰਪਤੀ ਰਿਟਰਨ, ਜਿਹੜੀ ਸਾਲ 2016-17 ਦੌਰਾਨ ਭਰੀ ਜਾਣੀ ਹੈ, ਉਹ ਮਿਤੀ 1-4-2017 ਤੋਂ ਡਿਊ ਹੋ ਗਈ ਹੈ। ਅਚੱਲ ਸੰਪਤੀ ਦਾ ਸਬੰਧ ਜਿਥੇ ਸਾਂਝੇ ਪਰਿਵਾਰ ਤੋਂ ਆਪਣੇ ਜਾਂ ਆਪਣੇ ਪਰਿਵਾਰ ਦੇ ਕਿਸੇ ਮੈਂਬਰ ਤੋਂ ਪ੍ਰਾਪਤ ਹੋਈ ਹੋਵੇ, ਉਥੇ ਹਿੱਸੇ ਦਾ ਵੇਰਵਾ ਸਪਸ਼ਟ ਕਰਨਾ ਹੋਵੇਗਾ। ਵਿਭਾਗ ਦੇ ਸਮੂਹ ਗਰੁੱਪ 'ਏ' ਅਤੇ 'ਬੀ' ਅਧਿਕਾਰੀ/ਕਰਮਚਾਰੀਆਂ ਨੂੰ ਬੇਨਤੀ ਹੈ ਕਿ ਉਹ ਆਪਣੀ ਸਾਲ 2016-17 ਦੀ ਅਚੱਲ ਪ੍ਰਾਪਰਟੀ ਰਿਟਰਨ ਨਾਲ ਨੱਥੀ ਪ੍ਰੋਫਾਰਮੇ ਵਿੱਚ ਮਿਤੀ 30/4/2017 ਤੱਕ ਅਮਲਾ ਸ਼ਾਖਾ ਨੂੰ ਭੇਜਣ ਦੀ ਖੇਚਲ ਕਰਨ।

ਪ੍ਰਾਪਰਟੀ ਰਿਟਰਨ ਨਿਰਧਾਰਿਤ ਪ੍ਰੋਫਾਰਮੇ ਵਿੱਚ ਹੀ ਭਰੀ ਜਾਵੇ ਅਤੇ ਇਸ ਦਾ ਕੋਈ ਵੀ ਕਾਲਮ ਖਾਲੀ ਨਾ ਛੱਡਿਆ ਜਾਵੇ।

ਇਸ ਨੂੰ ਪਰਮ ਅਗੇਤ ਦਿੱਤੀ ਜਾਵੇ।

ਡਾਇਰੈਕਟਰ(ਪ੍ਰ)
ਕਮ-ਮੁੱਖ-ਚੌਕਸੀ ਅਫਸਰ
ਮਿਤੀ: 11-4-2017

ਮਿਤੀ ਚੰਡੀਗੜ੍ਹ,
2017
ਅੰ.ਵਿ.ਪੱਤਰ ਨੰ:ਅ.ਅ.ਸ.(ਅ-3)-380-2017/ 5160-99

ਵੱਲ

1) ਵਿਭਾਗ ਦੇ ਸਮੂਹ ਗਰੁੱਪ 'ਏ' ਅਤੇ 'ਬੀ' ਅਧਿਕਾਰੀ/ਕਰਮਚਾਰੀ (ਮੁੱਖ ਦਫਤਰ/ਜ਼ਿਲਾ ਪੱਧਰ)।
2) ਸੁਪਰਡੰਟ (ਅ)/ਸਮੂਹ ਸੀਨੀਅਰ ਸਹਾਇਕ ਮੁੱਖ ਦਫਤਰ ਨੂੰ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਸਮੂਹ ਸਬੰਧਿਤਾਂ ਪਾਸੋਂ ਸਮੇਂ ਸਿਰ ਪ੍ਰਾਪਰਟੀ ਰਿਟਰਨਾਂ ਪ੍ਰਾਪਤ ਕਰਕੇ ਚੈੱਕ ਕਰਨ ਉਪਰੰਤ ਲਿਸਟ ਬਣਾ ਕੇ ਸਰਕਾਰ ਦੀ ਵੈਬਸਾਈਟ ਤੇ ਅਪਲੋਡ ਕਰਨ ਲਈ ਅ-3 ਨੂੰ ਭੇਜਣਾ ਯਕੀਨੀ ਬਨਾਉਣ।

ਡਾਇਰੈਕਟਰ(ਪ੍ਰ)
ਕਮ-ਮੁੱਖ-ਚੌਕਸੀ ਅਫਸਰ

ਕਾਪੀ:-

ਸਟੈਨੋ ਟੂ ਆਰਥਿਕ ਸਲਾਹਕਾਰ। ਇਹ ਆਰਥਿਕ ਸਲਾਹਕਾਰ ਜੀ ਦੀ ਜਾਣਕਾਰੀ ਹਿੱਤ ਜੀ।

**ਸਾਲ 2016-17**

**ਫਾਰਮ-1**

**ਰਿਟਾਇਰਮੈਂਟ ਦੀ ਮਿਤੀ..................................**

ਅੱਚਲ ਜਾਇਦਾਦ ਦੀ ਸਾਰਣੀ (ਜਿਵੇਂ ਕਿ ਜਮੀਨਾਂ, ਘਰ ਦੁਕਾਨਾਂ ਹੋਰ ਇਮਾਰਤਾਂ ਆਦਿ)

ਨਾਮ ਪਿਤਾ ਦਾ ਨਾਂ ਅਹੁਦਾ/ਸ਼ਾਖਾ ਤਨਖਾਹ

| ਲੜੀ ਨੰ: | ਜਾਇਦਾਦ ਦਾ ਵੇਰਵਾ | ਸਥਾਨ(ਪਿੰਡ, ਤਹਿਸੀਲ/ਸਬ ਡਵੀਜਨ, ਜਿਲ੍ਹਾ ਜਿਥੇ ਜਾਇਦਾਦ ਸਥਿਤ ਹੈ ਅਤੇ ਇਸਦਾ ਨਿਖੜਵਾਂ ਨੰਬਰ ਆਦਿ | ਜਮੀਨ ਅਤੇ ਇਮਾਰਤ ਦੀ ਸੂਰਤ ਵਿਚ ਭੋਂ ਦਾ ਰਕਬਾ | ਜਮੀਨ ਦੀ ਕਿਸਮ(ਜਮੀਨ ਜਾਇਦਾਦ ਦੀ ਸੂਰਤ ਵਿਚ) | ਹਿੱਤ ਦੀ ਹੱਦ/ਹਿੱਸਾ(Extent of interest) | ਜੇਕਰ ਆਪਣੇ ਨਾਮ ਤੇ ਨਾ ਹੋਵੇ ਤਾਂ ਇਹ ਦੱਸੋ ਕਿ ਕਿਸਦੇ ਨਾਮ ਤੇ ਰੱਖੀ ਹੈ ਅਤੇ ਸਰਕਾਰੀ ਕਰਮਚਾਰੀ ਨਾਲ ਉਸਦਾ ਰਿਸਤਾ (ਸਬੰਧ) ਜੇਕਰ ਕੋਈ ਹੋਵੇ | ਪ੍ਰਾਪਤ ਕਰਨ ਦੀ ਮਿਤੀ | ਕਿਸ ਤਰ੍ਹਾਂ ਪ੍ਰਾਪਤ ਕੀਤੀ?ਕੀ ਖਰੀਦ, ਰਹਿਣ(mortgage) ਪਏ ਤੇ (lease), ਵਿਰਾਸਤ ਤੋਂ, ਹਿੱਸਾ(gift)ਜਾਂ ਹੋਰ ਤਰੀਕੇ ਰਾਹੀਂ ਪ੍ਰਾਪਤ ਕੀਤੀ, ਉਸਦਾ ਨਾਂ ਵੇਰਵਿਆਂ ਸਮੇਤ (ਸਰਕਾਰੀ ਕਰਮਚਾਰੀ ਦਾ ਪਤਾ ਅਤੇ ਸਬੰਧਤ ਜੇਕਰ ਕੋਈ ਅਜਿਹੇ ਵਿਅਕਤੀ/ਵਿਅਕਤੀਆਂ ਨਾਲ ਹੋਵੇ)(ਕਿਰਪਾ ਕਰਕੇ ਨੋਟ-1) | ਜਾਇਦਾਦ ਦੀ ਕੀਮਤ (ਨੋਟ ਨੰ. 2 ਵੇਖੋ | ਨਿਰਧਾਰਤ ਅਥਾਰਟੀ ਦੀ ਮੰਨਜੂਰੀ ਦੇ ਵੇਰਵੇ | ਜਾਇਦਾਦ ਤੇ ਕੁੱਲ ਸਲਾਨ ਆਮਦਨ | ਵਿਸ਼ੇਸ਼ ਕਥਨ |
|---|---|---|---|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 | 10 | 11 | 12 | 13 |
| | | | | | | | | | | | | |

ਮਿਤੀ: ਹਸਤਾਖਰ

ਨੋਟ:- 1) ਖਾਨਾ 9 ਦੇ ਮੰਤਵ ਲਈ, ਧਾਰਨਾ "ਪਟੇ" ਦਾ ਭਾਵ ਸਾਲ ਦਰ ਸਾਲ ਜਾਂ ਇੱਕ ਸਾਲ ਤੋਂ ਉਪਰਲੀ ਮਿਅਦ ਲਈ ਅਚੱਲ ਸੰਪਤੀ ਦਾ ਪਟੇ ਤੇ ਦੇਣਾ ਜਾਂ ਸਲਾਨਾ ਕਿਰਾਏ ਤੇ ਰਾਖਵਾਂ ਕਰਨ ਤੋਂ ਹੋਵੇਗਾ।ਐਪਰ, ਜਿਥੇ ਅਚੱਲ ਸੰਪਤੀ ਦਾ ਪਟਾ ਸਰਕਾਰੀ ਕਰਮਚਾਰੀ ਨਾਲ ਸਰਕਾਰੀ ਕਾਰੋਬਾਰ ਕਰਨ ਵਾਲੇ ਕਿਸੇ ਵਿਅੱਕਤੀ ਤੋਂ ਪ੍ਰਾਪਤ ਕੀਤਾ ਜਾਂਦਾ ਹੈ ਉਥੇ ਅਜਿਹੇ ਪੱਟੇ ਨੂੰ, ਪਟੇ ਦੀ ਇਸ ਮਿਆਦ ਦੇ ਹੁੰਦੇ ਹੋਏ ਕਿ ਇਹ ਅਲਪ ਕਾਲੀ ਹੈ ਜਾਂ ਦੀਰਘ ਕਾਲੀ ਹੈ ਅਤੇ ਕਿਰਾਏ ਦੇ ਭੁਗਤਾਨ ਦੀ ਮਿਆਦ ਵੀ ਇਸ ਖਾਨੇ ਵਿਚ ਦਰਸਾਏ ਜਾਵੇ।

2) ਖਾਨਾ 10 ਵਿਚ ਨਮਨ ਦਰਸਾਇਆ ਜਾਵੇ:

ੳ) ਜਿਥੇ ਇਹ ਜਾਇਦਾਦਾ ਖਰੀਦ ਕੇ ਰਹਿਣ ਤੇ ਪਟੇ ਤੇ ਪ੍ਰਾਪਤ ਕੀਤੀ ਗਈ ਹੈ ਅਜਿਹੀ ਪ੍ਰਾਪਤੀ ਲਈ ਅਦਾ ਕੀਤੀ ਗਈ ਕੀਮਤ ਜਾਂ ਅਧਿਕ ਮੁੱਲ(primium)

ਅ) ਜਿਥੇ ਇਹ ਪਟੇ ਤੇ ਲੈ ਕੇ ਪ੍ਰਾਪਤ ਕੀਤੀ ਗਈ, ਉਸਦਾ ਕੁੱਲ ਸਲਾਨਾ ਕਿਰਾਇਆ ਵੀ; ਅਤੇ